# ਕਲਾਸ ਦਸਵੀਂ ( ਭੂਗੋਲ )

## ਪਾਠ – 1 ਭਾਰਤ ਇੱਕ ਜਾਣ – ਪਹਿਚਾਣ

**ਨੋਟ :- ਹੇਠ ਲਿਖੇ ਵਸਤੂ ਨਿਸ਼ਟ ਪ੍ਰਸ਼ਨਾਂ ਦੇ ਉੱਤਰ ਤੇ ਸਹੀ ਦਾ ਨਿਸ਼ਾਨ ਲਗਾਓ:-**

1. ਭਾਰਤ ਦੇ ਦੱਖਣ ਵਿੱਚ ਕਿਹੜਾ ਮਹਾਂਸਾਗਰ ਹੈ ?

   ੳ. ਅੰਧ ਮਹਾਂਸਾਗਰ ਅ. ਪ੍ਰਸ਼ਾਂਤ ਮਹਾਂਸਾਗਰ

   ੲ. ਆਰਕਟਿਕ ਮਹਾਂਸਾਗਰ ਸ. ਹਿੰਦ ਮਹਾਂਸਾਗਰ

2. ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਕਿਹੜਾ ਹੈ ?

   ੳ. ਚੀਨ ਅ. ਅਮਰੀਕਾ

   ੲ. ਕੈਨੇਡਾ ਸ. ਭਾਰਤ

3. ਇੱਕ ਧਾਰਣਾ ਅਨੁਸਾਰ ਭਾਰਤ ਦਾ ਨਾਮ ਭਰਤ ਨਾਮੀ ਰਾਜੇ ਦੇ ਨਾਮ ਤੋਂ ਪਿਆ ਜਿਸਦਾ ਵਰਣਨ ਕਿੱਥੇ ਕੀਤਾ ਹੈ ?

   ੳ. ਸਮਵੇਦ ਅ. ਅਥਰਵੇਦ

   ੲ. ਯਜੁਰਵੇਦ ਸ. ਰਿਗਵੇਦ

4. ਭਾਰਤ ਏਸ਼ੀਆ ਮਹਾਂਦੀਪ ਦੇ ਦੱਖਣ ਵਿੱਚ ਸਥਿਤ ਹੈ , ਇਸ ਕਾਰਨ ਇਸਨੂੰ ਹੋਰ ਕਿਸ ਨਾਮ ਨਾਲ ਪੁਕਾਰਿਆ ਜਾਂਦਾ ਹੈ ?

   ੳ. ਪੂਰਬੀ ਏਸ਼ੀਆ ਅ. ਦੱਖਣੀ ਏਸ਼ੀਆ

   ੲ. ਪੱਛਮੀ ਏਸ਼ੀਆ ਸ. ਉੱਤਰੀ ਏਸ਼ੀਆ

5. ਕਿਹੜੀ ਨਹਿਰ ਦੇ ਖੁੱਲਣ ਕਾਰਨ ਭਾਰਤ ਨੂੰ ਪੱਛਮੀ ਯੂਰਪ ਨਾਲ ਵਪਾਰ ਵਿੱਚ ਆਸਾਨੀ ਹੋਈ ਹੈ ?

   ੳ. ਪਨਾਮਾ ਨਹਿਰ ਅ. ਕੈਸਪੀਅਨ ਨਹਿਰ

   ੲ. ਚਿਲਕਾ ਨਹਿਰ ਸ. ਸੁਵੇਜ਼ ਨਹਿਰ

6. ਮਹਾਨ ਹਿਮਾਲਿਆ ਭਾਰਤ ਦੇ ਕਿਸ ਪਾਸੇ ਸਥਿਤ ਹੈ ?

   ੳ. ਦੱਖਣ ਅ. ਪੂਰਬ

   ੲ. ਉੱਤਰ ਸ. ਪੱਛਮ

7. ਪ੍ਰਿਅੰਕਾ ਕੁਮਾਰੀ ਕਸ਼ਮੀਰ ਵਿੱਚ ਰਹਿੰਦੀ ਹੈ, ਉਸਨੇ ਘੁੰਮਣ ਫਿਰਨ ਲਈ ਕੰਨਿਆ ਕੁਮਾਰੀ ( ਤਾਮਿਲਨਾਡੂ ) ਆਉਣਾ ਹੈ। ਉਸਨੂੰ ਕਸ਼ਮੀਤ ਤੋਂ ਕੰਨਿਆ ਕੁਮਾਰੀ ਤੱਕ ਲੱਗਭੱਗ ਕਿੰਨਾ ਸਫਰ ਤੈਅ ਕਰਨਾ ਪਵੇਗਾ ?

   ੳ. 3214 ਕਿ.ਮੀ. ਅ. 4214 ਕਿ.ਮੀ.

   ੲ. 5214 ਕਿ.ਮੀ. ਸ. 2214 ਕਿ.ਮੀ.

8. ਖੇਤਰਫਲ ਦੇ ਹਿਸਾਬ ਨਾਲ ਭਾਰਤ ਸੰਸਾਰ ਵਿੱਚ ਕਿੰਨਵੇਂ ਨੰਬਰ ਤੇ ਹੈ ?

   ੳ. ਅੱਠਵੇਂ ਅ. ਸੱਤਵੇਂ

   ੲ. ਛੇਂਵੇ ਸ. ਪੰਜਵੇਂ

9. ਆਜ਼ਾਦੀ ਤੋਂ ਪਹਿਲਾਂ ਭਾਰਤ ਵਿੱਚ ਕਿੰਨੀਆਂ ਰਿਆਸਤਾਂ ਸਨ ?

   ੳ. 462 ਅ. 662 ੲ. 562 ਸ. 362

10. ਪਹਿਲੀ ਨਵੰਬਰ 1966 ਈ. ਨੂੰ ਅਜੋਕਾ ਪੰਜਾਬ ਰਾਜ ਕਿਸ ਆਧਾਰ ਤੇ ਹੋਂਦ ਵਿੱਚ ਆਇਆ ?

    ੳ. ਧਰਮ ਦੇ ਆਧਾਰ ਤੇ ਅ. ਰੰਗ ਦੇ ਆਧਾਰ ਤੇ

    ੲ. ਭਾਸ਼ਾ ਦੇ ਆਧਾਰ ਤੇ ਸ. ਖੇਤਰਫਲ ਦੇ ਆਧਾਰ ਤੇ



Scanned by CamScanner

11. ਜੇਕਰ ਤੁਸੀਂ ਭਾਰਤ ਦੇ ਸਭ ਤੋਂ ਵੱਡੇ ਰਾਜ ਵਿੱਚ ਘੁੰਮਣ ਫਿਰਨ ਜਾਣਾ ਹੋਵੇ ਤਾਂ ਤੁਹਾਡਾ ਰਾਜ ਕਿਹੜਾ ਹੋਵੇਗਾ ?

ੳ. ਗੁਜਰਾਤ | ਅ. ਉੱਤਰ ਪ੍ਰਦੇਸ਼
ੲ. ਮਹਾਂਰਾਸ਼ਟਰ | ਸ. ਰਾਜਸਥਾਨ

12. ਜਿਸ ਤਰ੍ਹਾਂ ਰੋਟੀ ਨੂੰ ਪ੍ਰਸ਼ਾਦਾ ਵੀ ਕਿਹਾ ਜਾਂਦਾ ਹੈ ਇਸੇ ਤਰਾਂ ਲੋਕ ਸਭਾ ਨੂੰ ਹੋਰ ਕੀ ਕਿਹਾ ਜਾਂਦਾ ਹੈ ?

ੳ. ਹੇਠਲਾ ਸਦਨ | ਅ. ਉਪਰਲਾ ਸਦਨ
ੲ. ਸੰਸਦ | ਸ. ਵਿਧਾਨ ਸਭਾ

13. ਤੁਸੀਂ ਭਾਰਤ ਵਿੱਚ ਲਿੰਗ ਅਨੁਪਾਤ ਪਤਾ ਕਰਨਾਂ ਹੈ ਤਾਂ ਹੇਠ ਲਿਖਿਆਂ ਵਿੱਚੋਂ ਕਿਹੜਾ ਫਾਰਮੂਲਾ ਚੁਣੋਗੇ ?

ੳ. 100 ਮਰਦਾਂ ਪਿੱਛੇ ਔਰਤਾਂ ਦੀ ਸੰਖਿਆ | ਅ. 1000 ਮਰਦਾਂ ਪਿੱਛੇ ਔਰਤਾਂ ਦੀ ਸੰਖਿਆ
ੲ. 500 ਮਰਦਾਂ ਪਿੱਛੇ ਔਰਤਾਂ ਦੀ ਸੰਖਿਆ | ਸ. 10000 ਮਰਦਾਂ ਪਿੱਛੇ ਔਰਤਾਂ ਦੀ ਸੰਖਿਆ

14. ਭਾਰਤ ਦੇ ਸਭ ਤੋਂ ਪੁਰਾਤਨ ਪਰਬਤ ਕਿਹੜੇ ਹਨ ?

ੳ. ਹਿਮਾਲਿਆ ਪਰਬਤ | ਅ. ਸਤਪੁੜਾ ਪਰਬਤ
ੲ. ਅਰਾਵਲੀ ਪਰਬਤ | ਸ. ਗਨੀ ਪਰਬਤ

15. ਤੁਸੀਂ ਭਾਰਤ ਦੇ ਉੱਤਰ-ਪੂਰਬ ਵਿੱਚ ਰਹਿੰਦੇ ਹੋਵੋ ਤਾਂ ਤੁਹਾਨੂੰ ਕਿਸ ਤਰ੍ਹਾਂ ਦੀ ਵਰਖਾ ਦਾ ਸਾਹਮਣਾ ਕਰਨਾ ਪਵੇਗਾ ?

ੳ. ਘੱਟ ਵਰਖਾ | ਅ. ਵੱਧ ਵਰਖਾ
ੲ. ਬਹੁਤ ਘੱਟ ਵਰਖਾ | ਸ. ਬਹੁਤ ਜਿਆਦਾ ਵਰਖਾ

16. ਮਾਨਸੂਨੀ ਰੁੱਤ ਵਿੱਚ ਕਿਸਾਨ ਹੇਠ ਲਿਖਿਆਂ ਵਿੱਚੋਂ ਬੇਸਬਰੀ ਨਾਲ ਕਿਸ ਦਾ ਇੰਤਜ਼ਾਰ ਕਰਦੇ ਹਨ ?

ੳ. ਤਿਉਹਾਰਾਂ ਦਾ | ਅ. ਛੁੱਟੀਆ ਦਾ
ੲ. ਮਹਿਮਾਨਾਂ ਦਾ | ਸ. ਮਾਨਸੂਨ ਪੌਣਾਂ ਦਾ

17. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਲੱਗ-ਅਲੱਗ ਗੁਰੂਆਂ , ਸੰਤਾਂ ਅਤੇ ਭਗਤਾਂ ਦੀ ਬਾਣੀ ਨੂੰ ਇੱਕਤਰ ਕਰਨ ਦਾ ਕੰਮ ਕਿਸ ਗੁਰੂ ਸਾਹਿਬਾਨ ਨੇ ਕੀਤਾ ?

ੳ. ਸ੍ਰੀ ਗੁਰੂ ਨਾਨਕ ਦੇਵ ਜੀ | ਅ. ਸ੍ਰੀ ਗੁਰੂ ਗੋਬਿੰਦ ਸਿੰਘ ਜੀ
ੲ. ਸ੍ਰੀ ਗੁਰੂ ਅਰਜਨ ਦੇਵ ਜੀ | ਸ. ਸ੍ਰੀ ਗੁਰੂ ਅੰਗਦ ਦੇਵ ਜੀ

18. ਭਾਰਤ ਦੇ ਵੱਖ-ਵੱਖ ਖੇਤਰਾਂ ਦੀ ਸੰਸਕ੍ਰਿਤੀ ਦੇ ਪ੍ਰਸਾਰ ਵਿੱਚ ਕਿਸ ਭਾਸ਼ਾ ਦਾ ਅਸਰ ਸਭ ਤੋਂ ਵੱਧ ਹੈ ?

ੳ. ਹਿੰਦੀ | ਅ. ਫਾਰਸੀ
ੲ. ਪੰਜਾਬੀ | ਸ. ਸੰਸਕ੍ਰਿਤ

19. " ਤੀਆਂ " ਦਾ ਸੰਬੰਧ ਕਿਸ ਰਾਜ ਨਾਲ ਹੈ ?

ੳ. ਹਰਿਆਣਾ | ਅ. ਮਹਾਂਰਾਸ਼ਟਰ
ੲ. ਗੁਜਰਾਤ | ਸ. ਪੰਜਾਬ

20. ਹੇਠ ਲਿਖਿਆਂ ਵਿੱਚੋਂ ਸੰਚਾਰ ਦਾ ਸਾਧਨ ਕਿਹੜਾ ਹੈ ?

ੳ. ਰੇਲਾਂ | ਅ. ਜਹਾਜ
ੲ. ਦੂਰਦਰਸ਼ਨ | ਸ. ਸੰਵਿਧਾਨ

**ਉੱਤਰ ਕੁੰਜੀ :- 1. ਸ 2. ਸ 3. ਸ 4. ਅ 5. ਸ 6. ੲ 7. ੳ 8. ਅ 9. ੳ 10. ੲ 11. ਸ 12. ੳ 13. ੳ 14. ੲ 15. ਸ 16. ਸ 17. ੲ 18. ਸ 19. ਸ 20-ੲ**



Scanned by CamScanner